## ਪੰਜਾਬ ਸਕੂਲ ਸਿੱਖਿਆ ਬੋਰਡ

ਵੱਲ

ਸਮੂਹ ਪ੍ਰਿੰਸੀਪਲ ਕਮ ਕੇਂਦਰ ਕੰਟਰੋਲਰ
ਪੰਜਾਬ ਰਾਜ।

ਨੰ:ਪਸਸਬ-ਸਸ-ਕਸ/2023/ 1473 ਮਿਤੀ 18-10-23 ਐਸ.ਏ.ਐਸ.ਨਗਰ

ਵਿਸ਼ਾ:- ਬਾਰਵੀਂ **ਸ੍ਰੇਣੀ ਫਰਵਰੀ/ਮਾਰਚ** 2023 ਦੀ ਜਨਰਲ ਅੰਗਰੇਜੀ (001) ਦੀ ਮਿਤੀ 24.2.2023 ਨੂੰ ਮੁਲਤਵੀਂ ਪ੍ਰੀਖਿਆ ਦੇ ਬੈਂਕਾਂ ਵਿੱਚ **ਰੱਖੇ ਹੋਏ** ਪ੍ਰਸ਼ਨ ਪੱਤਰਾਂ ਦੀ ਸੀਲਬੰਦ ਥੈਲੀ **ਪ੍ਰਾਪਤ ਕਰਕੇ ਮੈਨੇਜਰ ਖੇਤਰੀ ਦਫਤਰ ਪਾਸ ਰਖਵਾਉਣ ਬਾਰੇ।**

1. ਆਪਜੀ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਬਾਰਵੀਂ ਸ੍ਰੇਣੀ ਫਰਵਰੀ/ਮਾਰਚ 2023 ਦੀ ਮਿਤੀ 24.2.2023 ਨੂੰ ਜਨਰਲ ਅੰਗਰੇਜੀ (001) ਦੀ ਮੁਲਤਵੀ ਹੋਈ ਪ੍ਰੀਖਿਆ ਦੇ ਪ੍ਰਸ਼ਨ ਪੱਤਰ ਦਫਤਰ ਵੱਲੋਂ ਜਾਰੀ ਪੱਤਰ ਨੰ: 1059-81 ਮਿਤੀ 16.3.2023 ਰਾਹੀਂ ਇੱਕ ਵੱਖਰੀ ਥੈਲੀ ਵਿੱਚ ਪਵਾ ਕੇ ਬੈਂਕਾਂ ਦੀ ਕਸਟੱਡੀ ਵਿੱਚ ਰਖਵਾਏ ਗਏ ਸਨ। ਹੁਣ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਲਏ ਗਏ ਫੈਸਲੇ ਅਨੁਸਾਰ ਇਨਾਂ ਪ੍ਰਸ਼ਨ ਪੱਤਰਾਂ ਨੂੰ ਬੈਂਕਾਂ ਤੋਂ ਇਕੱਤਰ ਕਰਵਾਕੇ ਖੇਤਰੀ ਦਫਤਰਾਂ ਵਿੱਚ ਰਖਵਾਇਆ ਜਾਣਾ ਹੈ।
2. ਤੁਹਾਡੇ ਵੱਲੋਂ ਮਿਤੀ 24.2.2023 ਨੂੰ ਜਨਰਲ ਅੰਗਰੇਜੀ (001) ਦੀ ਮੁਲਤਵੀ ਹੋਈ ਪ੍ਰੀਖਿਆ ਦੇ ਪ੍ਰਸ਼ਨ ਪੱਤਰਾਂ ਦੀਆਂ ਸੀਲਬੰਦ ਥੈਲੀਆਂ ਸਬੰਧਤ ਬੈਂਕ ਸ਼ਾਖਾਵਾਂ ਤੋਂ ਪ੍ਰਾਪਤ ਕਰਕੇ ਮੈਨੇਜਰ ਖੇਤਰੀ ਦਫਤਰ,ਪੰਜਾਬ ਸਕੂਲ ਸਿੱਖਿਆ ਬੋਰਡ ਪਾਸ ਜਮਾਂ ਕਰਵਾਈਆਂ ਜਾਣ।
3. ਪ੍ਰਸ਼ਨ ਪੱਤਰਾਂ ਦੀ ਸੀਲਬੰਦ ਥੈਲੀ ਮੈਨੇਜਰ ਖੇਤਰੀ ਦਫਤਰ ਪਾਸ ਜਮਾਂ ਕਰਵਾਉਣ ਸਮੇਂ ਉਨਾਂ ਵੱਲੋਂ ਲਗਾਏ ਗਏ ਰਜਿਸਟਰ ਉਪਰ ਪ੍ਰਸ਼ਨ ਪੱਤਰ ਰਸੀਵ ਕਰਵਾਉਣ ਦੀ ਮਿਤੀ, ਸਮਾਂ,ਪ੍ਰਸ਼ਨ ਪੱਤਰਾਂ ਦੀ ਗਿਣਤੀ ,ਪ੍ਰਸ਼ਨ ਪੱਤਰ ਜਮਾਂ ਕਰਵਾਉਣ ਵਾਲੇ ਪ੍ਰਿੰਸੀਪਲ ਕਮ-ਕੇਂਦਰ ਕੰਟਰੋਲਰ ਦਾ ਨਾਂ/ਮੋਬਾਇਲ ਨੰ: ਦਰਜ ਕੀਤਾ/ਕਰਵਾਇਆ ਜਾਵੇ ਅਤੇ ਇਸ ਸਬੰਧੀ ਪ੍ਰਾਪਤ ਕਰਤਾ ਤੋਂ ਰਸੀਵਿੰਗ/ਰਸੀਦ ਲਈ ਜਾਵੇ।
4. ਪ੍ਰਿੰਸੀਪਲ ਕਮ ਕੇਂਦਰ ਕੰਟਰੋਲਰ ਪੱਤਰ ਜਾਰੀ ਹੋਣ ਦੀ ਮਿਤੀ ਤੋਂ ਤੁਰੰਤ ਉਕਤ ਕਾਰਵਾਈ ਕਰਨੀ ਯਕੀਨੀ ਬਣਾਉਣ ਅਤੇ ਪ੍ਰਸ਼ਨ ਪੱਤਰ ਖੇਤਰੀ ਦਫਤਰ ਵਿਖੇ ਜਮਾਂ ਕਰਵਾਉਣ ਸਬੰਧੀ ਸੂਚਨਾਂ ਜਿਲੇ ਨਾਲ ਸਬੰਧਤ ਸੀਨੀਅਰ ਸਹਾਇਕਾਂ ਨੂੰ ਤੁਰੰਤ ਦਿੱਤੀ ਜਾਵੇ।
5. ਜੇਕਰ ਕਿਸੇ ਪ੍ਰਿੰਸੀਪਲ ਕਮ ਕੇਂਦਰ ਕੰਟਰੋਲਰ ਵੱਲੋਂ ਇਹ ਕਾਰਜ ਕਰਨ ਵਿੱਚ ਦੇਰੀ ਕੀਤੀ ਜਾਂਦੀ ਹੈ ਤਾਂ ਇਸ ਅਣਗਹਿਲੀ ਕਰਨ ਕਾਰਨ ਉਸ ਵਿਰੁੱਧ ਬਣਦੀ ਕਾਰਵਾਈ ਕੀਤੀ ਜਾਵੇਗੀ।

ਸਹੀ/
ਸੁਪਰਡੰਟ (ਕ.ਸ/ਕੰਨਫੀ.)
ਪੰਜਾਬ ਸਕੂਲ ਸਿੱਖਿਆ ਬੋਰਡ

ਉਤਾਰਾ:-ਜਿਲਾ ਸਿੱਖਿਆ ਅਫਸਰਾ/ਡਿਪਟੀ ਜਿਲਾ ਸਿੱਖਿਆ ਅਫਸਰ ਉਕਤ ਕਾਰਵਾਈ ਕਰਵਾਉਣੀ ਯਕੀਨੀ ਬਣਾਉਣ ।

18/10/2023

ਸੁਪਰਡੰਟ (ਕ.ਸ/ਕੰਨਫੀ.)
ਪੰਜਾਬ ਸਕੂਲ ਸਿੱਖਿਆ ਬੋਰਡ